This question paper contains 2 printed pages]

Your Roll No. ..............

5788

# B.A. (PROGRAMME)/I E

## PUNJABI LANGUAGE (C)—Paper I

## (Basic Punjabi)

(Admissions of 2004/2006 and onwards in respect of the students of regular colleges/NCWEB.)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

**Note :** The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ।

1. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫ਼ੀਸ ਮੁਆਫ਼ੀ ਲਈ ਬਿਨੈ-ਪੱਤਰ ਲਿਖੋ। 15

ਜਾਂ

ਆਪਣੀ ਸਹੇਲੀ/ਦੋਸਤ ਨੂੰ ਗਰਮੀ ਦੀਆਂ ਛੁੱਟੀਆਂ ਆਪਣੇ ਘਰ ਇਕੱਠੇ ਬਿਤਾਉਣ ਲਈ ਚਿੱਠੀ ਲਿਖੋ।

2. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ ਨੋਟਿਸ ਤਿਆਰ ਕਰੋ : 10

(ੳ) ਗੁਰਦੁਆਰੇ ਵਿਚ ਮੋਬਾਈਲ ਫ਼ੋਨ ਬੰਦ ਰੱਖਣ ਲਈ।

(ਅ) ਅੰਤਰ-ਕਾਲਜ ਅਭਿਆਚਾਰਕ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ।

(ੲ) ਕਾਲਜ ਮੈਗਜ਼ੀਨ ਵਾਸਤੇ ਰਚਨਾਵਾਂ ਮੰਗਣ ਲਈ।

3. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ ਪੈਰ੍ਹਾ ਲਿਖੋ : 10

(ੳ) ਖੇਡਾਂ ਦੀ ਮਹੱਤਾ

(ਅ) ਵਿਦਿਆਰਥੀਆਂ ਵਿਚ ਨੈਤਿਕਤਾ

(ੲ) ਕਾਲਜ ਵਿਚ ਮੇਰਾ ਪਹਿਲਾ ਦਿਨ

4. ਨਾਂਵ ਕਿਸਨੂੰ ਕਹਿੰਦੇ ਹਨ ? ਇਸ ਦੇ ਭੇਦਾਂ ਬਾਰੇ ਉਦਾਹਰਣਾਂ ਸਹਿਤ ਲਿਖੋ। 10

5. ਹੇਠ ਲਿਖੇ ਪੈਰ੍ਹੇ ਦਾ ਸਾਰ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ : 10

ਅੱਜ ਦੀ ਤਣਾਅ ਭਰੀ ਜ਼ਿੰਦਗੀ ਵਿਚ ਹਾਸਾ-ਠੱਠਾ ਗੁੰਮ ਹੁੰਦਾ ਜਾ ਰਿਹਾ ਹੈ। ਹੱਸਣਾ ਆਪਣੇ-ਆਪ ਵਿਚ ਸ਼ਰੀਰ ਲਈ ਬਹੁਤ ਚੰਗੀ ਕਸਰਤ ਹੈ। ਇਸ ਨਾਲ ਕਈ ਰੋਗ ਦੂਰ ਹੋ ਜਾਂਦੇ ਹਨ। ਹੱਸਣ ਨਾਲ ਵਿਅਕਤੀ ਦੇ ਚਿਹਰੇ ਉੱਤੇ ਰੌਣਕ ਆਉਂਦੀ ਹੈ। ਹੱਸਣਾ ਕੁਦਰਤ ਵੱਲੋਂ ਮਨੁੱਖ ਨੂੰ ਦਿਤਾ ਗਿਆ ਇਕ ਅਨਮੋਲ ਤੋਹਫ਼ਾ ਹੈ। ਹੱਸਣ ਨਾਲ ਲੋਕ ਦੂਜਿਆਂ ਦਾ ਮਨ ਜਿੱਤ ਲੈਂਦੇ ਹਨ। ਇੱਕਠਿਆਂ ਹੱਸਣ ਨਾਲ ਇਕ ਦੂਜੇ ਦੇ ਮਨਾਂ ਦੀ ਕੜਵਾਹਟ ਦੂਰ ਹੋ ਜਾਂਦੀ ਹੈ। ਡਾਕਟਰਾਂ ਦੀ ਰਾਏ ਅਨੁਸਾਰ ਹਾਸਾ ਇਕ ਕੁਦਰਤੀ ਇਲਾਜ ਹੈ।

6. ਹੇਠ ਲਿਖੇ ਪਿਛੇਤਰਾਂ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਉ : 5

(ੳ) ਬਾਜ਼, ਸਾਰ, ਸ਼ਾਲਾ, ਕਾਰੀ, ਈ।

(ਅ) ਹੇਠ ਲਿਖੇ ਸ਼ਬਦਾਂ ਦੇ ਵਿਪਰੀਤਾਰਥਕ ਸ਼ਬਦ ਲਿਖੋ : 5

ਦਿਨ, ਗਰਮ, ਉਪਜਾਊ, ਚੰਗਾ, ਸਭਿਅ।

7. ਦਿੱਲੀ ਯੂਨੀਵਰਸਿਟੀ ਦੇ ਸਰਟੀਫਿਕੇਟ ਕੋਰਸ ਵਿਚ ਦਾਖ਼ਿਲੇ ਲਈ ਪ੍ਰਾਰਥਨਾ-ਪੱਤਰ ਭਰੋ : 10

1. ਵਿਦਿਆਰਥੀ ਦਾ ਨਾਂ : ..............................................................

2. (i) ਪਿਤਾ ਦਾ ਨਾਂ : .............................. (ii) ਮਾਤਾ ਦਾ ਨਾਂ ..............................

3. ਲਿੰਗ (ਮੁੰਡਾ/ਕੁੜੀ) : ..............................................................

4. ਜਨਮ ਤਾਰੀਖ਼ : ..............................................................

5. ਵਰਗ : (ਜਾਤੀ/ਅਨੁਸੂਚਿਤ ਜਨਜਾਤੀ/ਵਿਕਲਾਂਗ/ਖੇਡ/ਪਿਛੜੀ/ਸਾਮਾਨਯ) : ..............................

6. ਪਤਾ : ..............................................................

7. ਪਰੀਖਿਆ ਦਾ ਨਾਂ (ਜਿਸ ਵਿਚ ਪ੍ਰਵੇਸ਼ ਲੈਣਾ ਹੈ) : ..............................................

8. ਪਹਿਲਾਂ ਪਾਸ ਕੀਤੀ ਪਰੀਖਿਆ (ਸਾਲ - ਰੋਲ ਨੰਬਰ - ਨਤੀਜਾ) : ..............................

9. ਯੂਨੀਵਰਸਿਟੀ ਨਾਮਾਂਕਣ ਨੰਬਰ ..............................................................

10. ਕੋਰਸ ਦਾ ਸਾਲ ..............................................................